ਸਮਾਜ ਵਿੱਚ ਪੈਦਾ ਹੋ ਚੁੱਕੀਆਂ ਕੁਰੀਤੀਆਂ ਅਤੇ ਵਾਪਰ ਰਹੀਆਂ ਘਟਨਾਵਾਂ ਨੂੰ ਟਰੌਂਟੋ ਦੀ ਇਕ ਸੰਸਥਾ ਨੇ ਲੋਕਾਂ ਤੱਕ ਪਹੁਚਣ ਦਾ ਜੋ ਬੀੜਾ ਚੁੱਕਿਆ ਹੈ, ਉਸ ਦੀ ਤਾਜ਼ਾ ਮਿਸਾਲ ਹੁਣੇ ਹੁਣੇ ਪੇਸ਼ ਕੀਤੇ ਨਾਟਕ "ਰਾਤ ਚਾਨਣੀ" ਦੀ ਸਫਲ ਪੇਸ਼ਕਾਰੀ ਤੋਂ ਮਿਲਦੀ ਹੈ। ਬੀਤੇ ਐਤਵਾਰ ਬਰੈਪਟਨ ਦੇ ਚਿੰਗਕੂਜ਼ੀ ਸੈਕੰਡਰੀ ਸਕੂਲ ਦੇ ਥੀਏਟਰ ਵਿੱਚ ਪੰਜਾਬੀ ਆਰਟਸ ਐਸੋਸੀਏਸ਼ਨ ਵੱਲੋਂ ਇਕ ਬੇਹਤਰੀਨ ਨਾਟਕ ਦੀ ਪੇਸ਼ਕਾਰੀ ਕੀਤੀ ਗਈ। ਇਸ ਨਾਟਕ ਦਾ ਵਿਸ਼ਾ ਦੋ ਪੀੜੀਆਂ ਦੇ ਵਿਚਾਰਾਂ ਅਤੇ ਸੋਚਣੀ ਵਿੱਚ ਅੰਤਰ, ਲਾਲਚ ਅਤੇ ਮਜ਼ਬੂਰੀ 'ਤੇ ਅਧਾਰਿਤ ਸੀ। ਆਪਣੇ ਪੁੱਤਰ ਲਈ ਪਰੀਆਂ ਦੀ ਆਸ ਲਾਈ ਬੈਠੀ ਮਾਂ ਚੰਦ ਕੌਰ (ਤਰਨਜੀਤ ਸੰਧੂ), ਆਪਣੇ ਪਤੀ ਦੀਆਂ ਖੁਸ਼ੀਆਂ ਤੋਂ ਆਪਣੀਆਂ ਅਤੇ ਆਪਣੇ ਬੱਚਿਆਂ ਦੀਆਂ ਖ਼ੁਸ਼ੀਆਂ ਵਾਰਨ ਵਾਲੀ ਪਾਲ (ਹਰੀਤ ਔਜਲਾ), ਮਾਂ ਦੀਆਂ

ਸਮੇਂ ਦੇ ਅਨੁਕੂਲ ਮਣਕਿਆਂ ਵਿੱਚ ਪਰੋਏ ਹੋਏ ਜਾਪਦੇ ਸਨ।

ਨਾਟਕ ਦੀ ਪੇਸ਼ਕਾਰੀ ਬੜੀ ਹੀ ਖਿਚ-ਪਾਊ ਸੀ, ਦਰਸ਼ਕਾਂ ਨੂੰ ਇਓਂ ਮਹਿਸੂਸ ਹੋ ਰਿਹਾ ਸੀ ਕਿ ਜਿਵੇਂ ਇਹ ਨਾਟਕ ਉਨ੍ਹਾਂ ਦੇ ਮਨਾਂ ਦੀਆਂ ਗੱਲਾਂ ਹੀ ਰੁਪਾਂਤਰ ਕਰ ਰਿਹਾ ਹੋਵੇ। ਇਸ ਨਾਟਕ ਵਿੱਚ ਬਹੁਤ ਸਾਰੇ ਸੁਨੇਹੇ ਸਨ ਪਰ ਰਿਸ਼ਤਿਆਂ ਵਿੱਚ ਪਈਆਂ ਤਰੇੜਾਂ ਨੂੰ ਭਰਨ ਜਾਂ ਘਰੇਲੂ ਕਲੇਸ਼ ਨੂੰ 911 ਰਾਹੀਂ ਸੁਲਝਾਉਣ ਤੋਂ ਬਿਨਾਂ ਪੁਰਾਣੀ ਰੀਤ ਮੁਤਾਬਿਕ ਆਪਣੇ ਰਿਸ਼ਤੇਦਾਰਾਂ ਜਾਂ ਸਕੇ ਸੰਬੰਧੀਆਂ ਰਾਹੀਂ ਹੱਲ ਕਰਨ ਦਾ ਜੋ ਸੁਨੇਹਾ ਦਿੱਤਾ ਗਿਆ ਇਹ ਵਿਲੱਖਣ ਕਿਸਮ ਦਾ ਸੀ ਅਤੇ ਅਜਿਹਾ ਹੋਣਾ ਵੀ ਚਾਹੀਦਾ ਹੈ। ਇਹ ਸ਼ਾਹਕਾਰ ਨਾਟਕ ਪਾਲੀ ਭੁਪਿੰਦਰ ਸਿੰਘ ਦਾ ਲਿਖਿਆ ਹੋਇਆ ਸੀ ਅਤੇ ਇਸ ਨੂੰ ਬਲਜਿੰਦਰ ਲੇਲਨਾ ਨੇ ਡਾਇਰੈਕਸ਼ਨ ਦਿੱਤੀ ਸੀ। ਸਾਨੂੰ ਅਜਿਹੇ ਨਾਟਕਾਂ ਦੀ ਲੋੜ ਹੈ ਪਰ ਮੁੱਖ ਮੁੱਦਾ ਇਥੇ ਇਹ ਹੈ ਕਿ ਪੰਜਾਬੀ





# ਪੰਜਾਬੀ ਆਰਟਸ ਐਸੋਸੀਏਸ਼ਨ ਵੱਲੋਂ ਹੁੰਗਾਰੇ ਲਈ ਧੰਨਵਾਦ

ਬਰੈਂਪਟਨ :- ਨਾਟਕ ਰਾਤ ਚਾਨਣੀ ਜੋ ਇਮਾਨਦੀਪ ਫਲੋਰਾ ਤੇ ਸਰਬਜੀਤ ਕੌਰ ਫਲੋਰਾ ਦੀ ਮਿਠੀ ਯਾਦ ਨੂੰ ਸਮਰਪਤ ਸੀ, 13 ਮਈ ਨੂੰ ਚਿੰਗਕੂਜ਼ੀ ਸੈਕੰਡਰੀ ਸਕੂਲ ਬਰਾਂਪਟਨ ਵਿਖੇ ਖੇਡਿਆ ਗਿਆ ਜਿਸਨੂੰ ਦਰਸ਼ਕਾਂ ਵੱਲੋਂ ਭਰਪੂਰ ਹੁੰਗਾਰਾ ਦਿਤਾ ਗਿਆ। ਨਾਟਕ ਤੋਂ ਬਾਦ ਟੀਮ ਦੀ ਮੀਟਿੰਗ ਹੋਈ ਜਿਸਨੇ ਨਾਟਕ ਦੀ ਕਾਮਯਾਬੀ ਤੇ ਤਸੱਲੀ ਪ੍ਰਗਟ ਕੀਤੀ ਤੇ ਨਾਟਕ ਦੀ ਕਾਮਯਾਬੀ ਲਈ ਧੰਨਵਾਦ ਮਤੇ ਕੀਤੇ ਗਏ। ਨਾਟਕ ਦੀ ਕਾਮਯਾਬੀ ਲਈ ਅਸੀ ਦਰਸ਼ਕਾਂ ਦਾ ਬਹੁਤ ਬਹੁਤ ਧੰਨਵਾਦ ਕਰਦੇ ਹਾਂ। ਜਿਨ੍ਹਾਂ ਸੀਟਾਂ ਨਾ ਮਿਲਣ ਕਾਰਨ ਖੜੇ ਹੋ ਕੇ ਨਾਟਕ ਦੇਖਣਾ ਪਿਆ ਉਨ੍ਹਾਂ ਤੋਂ ਮਾਫੀ ਮੰਗਦੇ ਹਾਂ। ਨਾਟਕ ਦੀ ਪੋਡਕਸ਼ਨ ਬਹੁਤ ਵੱਡਾ ਕੰਮ ਹੈ ਤੇ ਇਸ ਵਿਚ ਬਹੁਤ ਸਾਰੇ ਲੋਕਾਂ ਦਾ ਸਹਿਯੋਗ ਸ਼ਾਮਿਲ ਹੈ ਉਥੇ ਸਪਾਂਸਰਜ਼ ਤੇ ਮੀਡੀਏ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਸਭਤੋਂ ਪਹਿਲਾਂ ਅਸੀਂ ਕਲਾਕਾਰਾਂ ਦੇ ਪੀਵਾਰਾਂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਆਪਣੇ ਸਮੇ ਵਿਚੋਂ ਕਲਾਕਾਰਾਂ ਨੂੰ ਨਾਟਕ ਲਈ ਸਮਾ ਦੇਣ ਵਿਚ ਮਦਦ ਕੀਤੀ।ਅਸੀ ਆਪਣੇ ਸਪਾਂਸਰਜ਼ ਗਰੇਟਰ ਟਰਾਂਟੋ ਮਾਰਗੇਜਜ਼, ਜੱਸੀ ਕੁਲਾਰ ਨਿਊਟਰੀਸ਼ਅਨ, ਇਕਬਾਲ ਮਾਹਲ ਵਿਜ਼ਨਜ਼ ਆਫ ਪੰਜਾਬ , ਸਤਿੰਦਰਪਾਲ ਸਿਧਵਾਂ ਪੰਜਾਬੀ ਲਹਿਰਾਂ, ਜਗਦੀਸ਼ ਗਰੇਵਾਲ, ਪਰਮਜੀਤ ਬਾਸੀ ਪੰਜਾਬੀ ਪੋਸਟ, ਪੀਲ ਇਨਸ਼ੋਰੈਂਸ, ਗੁਰਪਾਲ ਬਲ, ਰਾਏ ਲਾਅ ਆਫਿਸ, ਡਾਲੀ ਗਿਲ, ਆਰ.ਬੀ.ਆਈ ਮਕੈਨੀਕਲ, ਉਨਟਾਰੀਓ ਟਰਿਲੀਅਮ ਫਾਊਡੇਸ਼ਨ, ਚਾਟ ਹੱਟ, ਜਗਮੋਹਨ ਸੇਖੋਂ, ਇਕਬਾਲ ਭੰਗੂ, ਹਰਬੰਸ ਬਰਾੜ, ਭੁਪਿੰਦਰ ਸੋਮਲ, ਸੁਰਿੰਦਰ ਬਿਨੈਪਾਲ, ਬਰਾਂਪਟਨ ਪੇਂਟਿੰਗ, ਮੌਰਗੇਜ਼ ਹੱਟ, ਦਰਬਾਰਾ ਸਿੰਘ ਬੈਂਸ, ਕੁਲਵਿੰਦਰ ਖਹਿਰਾ, ਸੁਖਵਿੰਦਰ ਰਟੌਲ, ਜੋਗਿੰਦਰ ਗਰੇਵਾਲ, ਕੁਲਵੰਤ ਧਾਲੀਵਾਲ, ਗੁਰਜੀਤ ਰਾਏ, ਨਰਿੰਦਰ ਚੇਲਾ ਆਦਿ ਦਾ ਬਹੁਤ ਬਹੁਤ ਧੰਨਵਾਦ ਕਰਦੇ ਹਾਂ ਜਿਸ ਕਰਕੇ ਇਹ ਪ੍ਰੋਡਕਸ਼ਨ ਸੰਭਵ ਹੋ ਸਕੀ। ਅਸੀ ਡ: ਕੁਲਦੀਪ ਕੁਲਾਰ ਐਮ ਪੀ ਪੀ ਤੇ ਵਿਕੀ ਢਿਲੋਂ ਕੌਂਸਲਰ ਵੱਲੋਂ ਹੌਸਲਾ ਅਫਜ਼ਾਈ ਕਰਨ ਦਾ ਵੀ ਬਹੁਤ ਬਹੁਤ ਧੰਨਵਾਦ ਕਰਦੇ ਹਾਂ।

ਮੀਡੀਏ ਦਾ ਜਿਨ੍ਹਾਂ ਵਿਚ ਪੰਜਾਬੀ ਲਹਿਰਾਂ, ਪ੍ਰੀਤ ਲੜੀ, ਤਹਿ-ਲਕਾ, ਮਹਿਫਲ ਟੀ ਵੀ, ਗਾਂਉਦਾ ਪੰਜਾਬ, ਰੰਗਲਾ ਪੰਜਾਬ, ਸੁਰ ਸਾਗਰ, ਪੰਜਾਬ ਦੀ ਗੂੰਜ, ਰੇਡੀਓ ਯਾਹੂ, ਦੇਸੀ ਦੂਰਦਰਸ਼ਨ, ਆਈ ਔਨ ਏਸ਼ੀਆ, ਰੇਡੀਓ ਪੰਜਾਬ, ਅਪਣਾ ਪੰਜਾਬ, ਅਜੀਤ ਵੀਕਲੀ, ਅਵਾਜ਼, ਅਜੀਤ ਜਲੰਧਰ, ਹਮਦਰਦ, ਵੀਕਲੀ ਵੌਇਸ ਅਤੇ ਖਬਰਨਾਮਾ ਸ਼ਾਮਲ ਹਨ। ਅਸੀਂ ਹੈਰੀਟੇਜ਼ ਥੀਏਟਰ ਸੋਸਾਇਟੀ ਆਫ ਅਲਬਰਟਾ, ਪਾਲੀ ਭੁਪਿੰਦਰ ਸਿੰਘ ਵੱਲੋਂ ਇਸ ਨਾਟਕ ਨੂੰ ਨੇਪੜੇ ਚਾੜਣ ਲਈ ਬਹੁਤ ਬਹੁਤ ਧੰਨਵਾਦ ਕਰਦੇ ਹਾਂ। ਅਸੀ ਅਜਤਿ ਪਾਲ ਵੱਲੋਂ ਵਧੀਆ ਸੰਗੀਤ ਦੇਣ ਤੇ ਬਹੁਤ ਬਹੁਤ ਧੰਨਵਾਦ। ਇਕ ਵਾਰ ਫਿਰ ਸੁਰਜੀਤ ਢੀਂਨਸਾ ਦੇ ਪੀਵਾਰ ਦਾ ਬਹੁਤ ਬਹੁਤ ਧੰਨਵਾਦ ਜਿਨ੍ਹਾਂ ਰਿਹਸਲਾਂ ਸਮੇ ਬਹੁਤ ਮਦਦ ਕੀਤੀ। ਇਸ ਨਾਟਕ ਦੇ ਹੋਰ ਸ਼ੋਅ ਕਰਨ ਦੀ ਕੋਸ਼ਿਸ਼ ਕੀਤੇ ਜਾ ਰਹੀ ਹੈ। ਤੇ ਦਰਸ਼ਕਾਂ ਤੇ ਮੀਡੀਏ ਤੋਂ ਹੋਰ ਵਧੇਰੇ ਹੁੰਗਾਰੇ ਦੀ ਆਸ ਕੀਤੀ ਜਾਂਦੀ ਹੈ।


lue-Star Driving School
Believe in Safe Driving
ਸੀਂ ਪੰਜਾਬੀ, ਹਿੰਦੀ, ਉਰਦੂ,
ਗਰੇਜ਼ੀ 'ਚ ਸੇਵਾਵਾਂ ਪ੍ਰਦਾਨ ਕਰਦੇ ਹਾਂ
Early G1, G2 Appointment
ady Instructor Available
ackages Also Available
r more information Call
Gagan Tel: 416-804-9759
Manjit Singh 416-726-0751





CHEHAB & KHAN
LAWYERS
Rupinderpal Singh Pannu
Paralegal
SPECIALIZING IN:
- Auto Accidents / Insurance Litigation
- Immigration Matters
- Corporate/ Commercial
- Employment Law
- Family Mediation
Tel : 905-738-2463 416-876-7174 Fax: 905-738-9638
E-mail info@cnklaw.com 3100 Steeles Ave. W. Suite# 206, Concord, ON L4K 3R1






## ਲਓ ਕਰ ਲਓ ਗੱਲ, ਅਖੇ...!

* ਡੇਰੇ ਦੇ ਪ੍ਰੇਮੀਆਂ ਅਤੇ ਸਿੱਖ ਜਥੇਬੰਦੀਆਂ 'ਚ ਝੜਪਾਂ ਕਾਰਨ ਪੰਜਾਬ ਵਿੱਚ ਤਣਾਓ, ਉਨਟੇਰੀਓ ਦੇ ਸਿੱਖਾਂ 'ਚ ਚਿੰਤਾ ਦੀ ਲਹਿਰ -ਖ਼ਬਰ

**... ਉਹਨਾਂ "ਸੱਜਣਾਂ" ਨੂੰ ਪੁੱਛ ਕੇ ਵੇਖੋ ਜਨਾਬ ਜਿਹਨਾਂ ਦੇ ਬੁੱਲਾਂ 'ਤੇ ਮਸਾਂ 10 ਬਾਅਦ ਮੁਸਕਾਨ ਆਈ ਹੈ!**

* ਮਿਊਜ਼ਿਕ ਐਲਬਮ ਕਢਾਉਣ ਲਈ ਕਰਦਾ ਸੀ ਅਫੀਮ ਦੀ ਤਸਕਰੀ -ਖ਼ਬਰ

**...ਫਿਰ ਤਾਂ ਬਈ ਇਹ "ਸਮਾਜ ਸੇਵਾ"**

## ਸਿਧ ਜੋਤਸ਼ੀ ਪੰਡਤ ਉਦੈਭਾਨ ਦੁਵੇਦੀ

ਪ੍ਰਸਿਧ ਜੋਤਸ਼ੀ ਪੰਡਤ ਉਦੈਭਾਨ ਦੁਵੇਦੀ (ਪ੍ਰਸਿਧ